math.com
In The Service of Student Community
The No. 1 CBSE Mathematics website in the world

**Paper By**

ਰਕੇਸ਼ ਕੁਮਾਰ (ਪੰਜਾਬੀ ਅਧਿਆਪਕ)
ਜਵਾਹਰ ਨਵੋਦਿਆ ਵਿਦਿਆਲਿਆ, ਤਿਉਣਾ ਪੁਜਾਰੀਆਂ (ਬਠਿੰਡਾ)
**Email : rakeshjnv2004@gmail.com**

# ਪੰਜਾਬੀ

# ਜਮਾਤ :XII

*ਸਾਰੇ ਪ੍ਰਸ਼ਨਾਂ ਦੇ ਉੱਤਰ ਜਰੂਰੀ ਹਨ।
*ਸਾਰੇ ਪ੍ਰਸ਼ਨਾਂ ਦੇ ਉੱਤਰ ਕ੍ਰਮਵਾਰ ਦਿਓ।
*ਪ੍ਰਸ਼ਨ ਪੱਤਰ ਦੇ ਕੁੱਲ ਪੰਨੇ ਜਾਂਚ ਲਓ।

***Time – 3 hours*** ***Maximum Marks - 100***

***ਸਮਾਂ – 3 ਘੰਟੇ*** ***ਕੁੱਲ ਅੰਕ 100***

I. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ- 10

ਸਿਰਫ ਉਹੀ ਦੇਸ਼ ਅਮੀਰ ਅਤੇ ਮਾਲਾਮਾਲ ਹੋ ਸਕਦੇ ਹਨ ਜਿੰਨ੍ਹਾਂ ਦੇ ਲੋਕ ਆਪਣੇ ਆਪ ਲਈ ਕੁੱਝ ਨਵਾਂ ਸੋਚ ਸਕਦੇ ਹਨ। ਉਹੀ ਕੰਮ ਕਰਦੇ ਜਾਣਾ ਜੋ ਅੱਗੇ ਕਿਸੇ ਨੇ ਕਰ ਰੱਖਿਆ ਹੈ, ਰੁਕੇ ਵਿਕਾਸ ਦੀ ਨਿਸ਼ਾਨੀ ਹੈ। ਹੋਣਹਾਰ ਮੱਨੁਖ ਇਹੀ ਸੋਚਦਾ ਹੈ ਕਿ ਹੱਥਲਾ ਕੰਮ ਪਿਛਲੇ ਕੰਮ ਨਾਲੋਂ ਚੰਗੇਰਾ ਹੋਵੇ। ਜਿਸ ਕੌਮ ਦਾ ਇਹ ਖਿਆਲ ਹੋ ਜਾਵੇ ਕਿ ਪੰਜ ਸੌ ਜਾਂ ਹਜਾਰ ਸਾਲ ਪਹਿਲਾਂ ਵਾਲਾ ਜੀਵਨ ਵਧੇਰੇ ਚੰਗਾ ਸੀ, ਇਸ ਲਈ ਉਸੇ ਨੂੰ ਨਿਸ਼ਾਨਾ ਰੱਖਿਆ ਜਾਵੇ, ਉਸ ਕੌਮ ਨੂੰ ਜਿੰਦਗੀ ਦੀਆਂ ਪਿਛਲੀਆਂ ਕਤਾਰਾਂ ਵਿੱਚ ਖਲੋਣਾ ਪੈਂਦਾ ਹੈ। ਨਸਲਾਂ ਦੀ ਮਾਨਸਿਕ ਅਵਸਥਾ ਉੱਪਰ ਹੀ ਉਹਨਾਂ ਦੀ ਖੁਸ਼ਹਾਲੀ ਤੇ ਸਾਰਥਕਤਾ ਨਿਰਭਰ ਕਰਦੀ ਹੈ। ਜਦੋਂ ਕਿਸੇ ਨਸਲ ਦੇ ਲੋਕ ਲਕੀਰ ਦੇ ਫਕੀਰ ਹੋ ਜਾਂਦੇ ਹਨ, ਹਮੇਸ਼ਾ ਕਿਸੇ ਦੇ ਪਾਏ ਪੂਰਨਿਆਂ ਤੇ ਚਲਦੇ ਹਨ, ਆਪੀਂ ਕੋਈ ਪੂਰਨਾ ਪਾਉਣ ਦੀ ਦਲੇਰੀ ਨਹੀਂ ਰਖਦੇ, ਪਿੱਛਲਗ ਅਖਵਾਉਣ ਵਿੱਚ ਹੀ ਫਖਰ ਸਮਝਦੇ ਹਨ ਤੇ ਮੋਹਰੀ ਹੋਣੋਂ ਘਬਰਾਂਉਦੇ ਹਨ,ਉਸ ਨਸਲ ਦਾ ਵਾਧਾ ਰੁਕ ਜਾਂਦਾ ਹੈ, ਬੁੱਧ ਮੋਟੀ ਹੋ ਜਾਂਦੀ ਹੈ ਤੇ ਜਿੰਦਗੀ ਵਿੱਚੋਂ ਸੁਹਜ ਸੁਆਦ ਘੱਟ ਜਾਂਦਾ ਹੈ। ਐਸੀ ਕੌਮ ਸੁਤੰਤਰ ਨਹੀਂ ਰਹਿ ਸਕਦੀ। ਜਰੂਰ ਕਿਸੇ ਦੂਜੀ ਕੌਮ ਦੀ ਗੁਲਾਮ ਬਣ ਜਾਂਦੀ ਹੈ। ਸੋ ਦ੍ਰਿੜ ਕਰਨ ਵਾਲੀ ਗੱਲ ਇਹ ਹੈ ਕਿ ਨਵਾਂ ਸੋਚਣ ਤੇ ਕਰਨ ਵਿੱਚ ਹੀ ਜਿੰਦਗੀ ਦੀ ਨਜਾਤ ਹੈ। ਦੇਸ਼ ਦੀ ਉਨੱਤੀ ਤਾਂ ਹੀ ਸੰਭਵ ਹੈ ਜੇ ਤੁਸੀਂ ਕੋਈ ਨਵਾਂ ਖਿਆਲ ਦੁਨੀਆਂ ਨੂੰ ਦਿਓ। ਕੋਈ ਨਵੀਂ ਕਾਢ ਕੱਢੋ, ਕੋਈ ਨਵਾਂ ਸੁੱਖ ਈਜਾਦ ਕਰੋ, ਕੋਈ ਨਵਾਂ ਮਾਰਗ ਲੱਭੋ, ਨਵੀਂ ਸੋਚ ਸੋਚੋ ਤੇ ਨਵੇਂ ਅਮਲ ਕਰੋ।

1. ਪੈਰ੍ਹੇ ਨੂੰ ਢੁੱਕਵਾਂ ਸਿਰਲੇਖ ਦਿਓ।
2. ਜੀਵਨ ਦੀ ਨਜਾਤ ਕਿਸ ਵਿੱਚ ਹੈ?
3. ਕਿਸੇ ਕੌਮ ਦੀ ਖੁਸ਼ਹਾਲੀ ਦਾ ਆਧਾਰ ਕੀ ਹੈ?
4. ਲਕੀਰ ਦੇ ਫਕੀਰ ਹੋਣ ਦਾ ਕੀ ਨਤੀਜਾ ਨਿਕਲਦਾ ਹੈ?
5. 'ਈਜਾਦ' ਅਤੇ 'ਨਜਾਤ' ਸ਼ਬਦਾਂ ਦੇ ਸਮਾਨਾਰਥੀ ਸ਼ਬਦ ਲਿਖੋ।

**Also Visit**
cbsemathspapers.com
CBSE Mathematics Sample Papers, Mock Tests, Interactive Tests, Syllabus etc.

cbsemath.com: Website by Dev Anoop Bathinda

cbsemath.com
In The Service of Student Community
The No. 1 CBSE Mathematics website in the world

II. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਪਰ ਨਿਬੰਧ ਲਿਖੋ- 10

1. ਅੱਤਵਾਦ ਦੀ ਸਮੱਸਿਆ 2. ਮਹਿੰਗਾਈ ਦੀ ਸਮੱਸਿਆ 3. ਵਿਦਿਆਰਥੀ ਅਤੇ ਰਾਜਨੀਤੀ 4. ਭਾਰਤ ਵਿੱਚ ਭ੍ਰਿਸ਼ਟਾਚਾਰ

III. ਕਾਲਜਾਂ ਵਿੱਚ ਹੋ ਰਹੀ ਅਨੁਸ਼ਾਸ਼ਨ ਹੀਨਤਾ ਅਤੇ ਵੱਧ ਰਹੀ ਗੁੰਡਾਗਰਦੀ ਬਾਰੇ ਕਿਸੇ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। 10

(ਜਾਂ)

ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਮਾੜੀ ਹਾਲਤ ਬਾਰੇ ਦਸਦੇ ਹੋਏ, ਸੁਧਾਰ ਲਈ ਸੁਝਾਅ ਪੇਸ਼ ਕਰਦਾ ਇੱਕ ਪੱਤਰ ਕਿਸੇ ਅਖਬਾਰ ਦੇ ਸੰਪਾਦਕ ਨੂੰ ਲਿਖੋ।

IV. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਦ੍ਰਿਸ਼ ਦਾ ਵਰਣਨ ਲਗਭਗ 200 ਸ਼ਬਦਾਂ ਵਿੱਚ ਕਰੋ- 5

1. ਪੰਸਾਰੀ ਦੀ ਦੁਕਾਨ ਦਾ ਦ੍ਰਿਸ਼ 2. ਚੌਕ ਦਾ ਦ੍ਰਿਸ਼

V. ਹੇਠ ਲਿਖੀਆਂ ਵਿੱਚੋਂ ਕਿਸੇ ਇੱਕ ਸਿੱਖਿਆ ਨੂੰ ਦਰਸਾਉਂਦੀ ਕਹਾਣੀ ਲਿਖੋ- 5

1. ਏਕਤਾ ਵਿੱਚ ਬਲ 2. ਜੈਸੇ ਨੂੰ ਤੈਸਾ

VI. ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ਼ ਮੌਕਿਆਂ ਉੱਪਰ ਵਰਤੇ ਜਾਂਦੇ ਹਨ- 2

1. ਦੱਬਕੇ ਵਾਹ ਰੱਜਕੇ ਖਾਹ 2. ਉੱਖਲੀ 'ਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ

VII. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸੋ- 2

1. ਪੈਰਾਂ ਹੇਠ ਅੱਗ ਮਚਾਉਣੀ 2. ਸੱਤੀ ਕੱਪੜੀਂ ਅੱਗ ਲੱਗਣਾ

VIII. ਹੇਠ ਲਿਖੇ ਵਾਕ ਦੀ ਵਾਕ-ਵੰਡ ਕਰੋ- 4

ਸ਼ਹੀਦ ਭਗਤ ਸਿੰਘ ਨੇ ਆਪਣੇ ਦੇਸ਼ ਲਈ ਜਾਨ ਵਾਰ ਦਿੱਤੀ।

IX. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ- 2

1. ਵਿਹਲਾ ਮਨ ਭੂਤਣੀ ਦਾ ਘਰ ਹੁੰਦਾ ਹੈ।
2. ਅੱਜ ਸਾਡੇ ਘਰ ਮਹਿਮਾਨ ਆਏ ਸੀ।

ਭਾਗ (ਅ)

X. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ- 8

(ੳ) ਚਤੁਰਮੁਖ ਬ੍ਰਹਮਾ ਨੇ ਦੁਨੀਆ ਬਣਾਈ
ਉਹਨੇ ਦੁੱਖ ਬਣਾਏ ਸਹਸਭੁਜ
ਉਹਨਾਂ ਸੰਗ ਲੜਨ ਲਈ
ਇੱਕ ਦੇਵੀ ਅਸ਼ਟਭੁਜੀ
ਪਰ ਧੀ ਤਾਂ ਹੈ ਮਨੁੱਖ
ਉਹ ਵੀ ਅੱਧੀ ਮਸਾਂ ਪੌਣੀ
ਉਹ ਦੁੱਖਾਂ ਸੰਗ ਲੜਦੀ ਨਹੀ
ਦੁੱਖ ਚੁੱਕਦੀ ਹੈ।

1. ਇਹ ਸਤਰਾਂ ਕਿਸ ਕਵਿਤਾ ਵਿੱਚੋਂ ਹਨ।ਕਵੀ ਦਾ ਨਾਂ ਵੀ ਦੱਸੋ?
2. ਧੀ ਨੂੰ ਅੱਧੀ ਪੌਣੀ ਕਿਉਂ ਕਿਹਾ ਗਿਆ ਹੈ?
3. ਅਸ਼ਟਭੁਜੀ ਦੇਵੀ ਕੌਣ ਹੈ?
4. ਕਵਿਤਾ ਅਨੁਸਾਰ ਧੀ ਅਤੇ ਦੁੱਖਾਂ ਦਾ ਕੀ ਸੰਬੰਧ ਹੈ? (ਜਾਂ)

cbsemath.com: Website by Dev Anoop Bathinda
cbse.biz
Sample Papers, Mock Tests, Syllabus, Model Papers in Maths, Science, English, Hindi

math.com
In The Service of Student Community
The No. 1 CBSE Mathematics website in the world

(ਅ) ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ,
ਅਸਾਂ ਧਾ ਗਲਵੱਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨਾ ਆਏ,
ਸਾਡੀ ਕੰਬਦੀ ਰਹੀ ਕਲਾਈ।
ਧਾ ਚਰਨਾਂ ਤੇ ਸੀਸ ਨਵਾਯਾ,
ਸ਼ਾਡੇ ਮੱਥੇ ਛੋਹ ਨਾ ਪਾਈ।
ਤੁਸੀਂ ਉੱਚੇ ਅਸੀਂ ਨੀਵੇਂ ਸਾਂ,
ਸਾਡੀ ਪੇਸ਼ ਨਾ ਗੱਈਆ ਕਾਈ।

1. ਇਹ ਸਤਰਾਂ ਕਿਸ ਕਵਿਤਾ ਵਿੱਚੋਂ ਹਨ।ਕਵੀ ਦਾ ਨਾਂ ਵੀ ਦੱਸੋ?
2. ਚਰਨਾਂ ਤੇ ਸ਼ੀਸ਼ ਨਿਵਾਉਣ ਦਾ ਮਨੋਰਥ ਕੀ ਸੀ?
3. ਕੌਣ ਉੱਚਾ ਹੈ ਅਤੇ ਕੌਣ ਨੀਂਵਾਂ ਹੈ?
4. ਪੰਕਤੀਆਂ ਵਿੱਚ ਕਿਸ ਸਥਿਤੀ ਦਾ ਵਰਣਨ ਹੈ?

XI. 'ਕੱਤਕ ਕੂੰਜਾਂ' ਜਾਂ 'ਪੰਜਾਬ ਬਾਰ ਬਲੋਚ ਦੀ ਧੀ'ਵਿੱਚੋਂ ਕਿਸੇ ਇੱਕ ਕਵਿਤਾ ਦਾ ਵਿਸ਼ਾ ਵਸਤੂ ਲਿਖੋ। 7

XII. ਹੇਠ ਲਿਖੇ ਵਾਰਤਕ ਟੋਟਿਆਂ ਵਿੱਚੋਂ ਕਿਸੇ ਇੱਕ ਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ- 5

ਦੋ ਬੀਘੇ ਡਲੇ ਨੀ ਰੱਖ ਹੁੰਦੇ ਤੈਥੋਂ। ਰਹਿਣ ਦੇ ਆਪਾਂ ਪਿੰਡ ਜਾਣ ਜੋਗੇ ਰਹੀਏ। ਅੰਗ ਸਾਕ ਕੀ ਆਖਣਗੇ।

1. ਕਹਾਣੀ ਅਤੇ ਕਹਾਣੀਕਾਰ ਦਾ ਨਾਂ ਦੱਸੋ?
2. ਇਹ ਸ਼ਬਦ ਕਿਸ ਨੇ ਕਿਸਨੂੰ ਕਹੇ?
3. ਅੰਗ ਸਾਕ ਤੋਂ ਕੀ ਭਾਵ ਹੈ?

(ਜਾਂ)

ਏਸ ਗੱਲ ਨੂੰ ਤਾਂ ਅਜੇ ਸਾਡੇ ਵਰਗੇ ਨ੍ਹੀਂ ਸਮਝ ਸਕੇ, ਜਿੰਨ੍ਹਾਂ ਨੇ ਉਮਰ ਗਾਲਤੀ ਗ੍ਰੰਥ ਵਾਚਦਿਆਂ ਨੇ। ਤੁਸੀਂ ਤਾਂ ਭਲਾਂ ਹੋਏ ਅਨਪੜ।

1. ਕਹਾਣੀ ਅਤੇ ਕਹਾਣੀਕਾਰ ਦਾ ਨਾਂ ਦੱਸੋ।
2. ਇਹ ਸ਼ਬਦ ਕਿਸਨੇ ਕਿਸਨੂੰ ਕਹੇ?
3. ਕਿਹੜੀ ਗੱਲ ਨੂੰ ਸਮਝਣ ਦੀ ਗੱਲ ਹੋ ਰਹੀ ਹੈ?

XIII. ਨੰਦੂ ਜਾਂ ਦੀਪੇ ਦਾ ਪਾਤਰ ਚਿਤਰਨ ਕਰੋ। 5

XIV. ਹੇਠ ਲਿਖੇ ਪੈਰ੍ਹਿਆਂ ਵਿੱਚੋਂ ਕਿਸੇ ਇੱਕ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ- 8

ਚੁੱਪ ਰਹੁ ਨਹੀਂ ਤਾਂ ਤੇਰਾ ਬੋਰੀਆ ਬਿਸਤਰ ਵੀ ਨਾਲ ਹੀ ਗੋਲ ਕਰਵਾ ਦਿਆਂਗਾ। ਸੱਪਣੀ ਨੂੰ ਭਾਵੇਂ ਸਾਰੀ ਉਮਰ ਦੁੱਧ ਪਿਆਓ, ਅਖੀਰ ਉਸ ਡੰਗ ਮਾਰਨਾਂ ਏ। ਏਸ ਮੀਸਣੀ ਨੂੰ ਮੈਂ ਕਦੇ ਉਏ ਤੱਕ ਨਹੀਂ ਕਿਹਾ ਇਹਨੇ ਮੇਰੀ ਇਹ ਕਦਰ ਜਾਣੀ ਏ।

1. ਨਾਟਕ ਅਤੇ ਨਾਟਕਕਾਰ ਦਾ ਨਾਂ ਲਿਖੋ।
2. ਇਹ ਸ਼ਬਦ ਕਿਸਨੇ ਕਿਸਨੂੰ ਕਹੇ?
3. ਕਿਸਦੀ ਕਦਰ ਕਿਸਨੇ ਨਹੀਂ ਜਾਣੀ?
4. ਸ਼ੱਪਣੀ ਕਿਸਨੂੰ ਤੇ ਕਿਉਂ ਕਿਹਾ ਗਿਆ ਹੈ?

(ਜਾਂ)

ਜੋਰ ਲਾਉਣ ਦਾ ਸਵਾਲ ਈ ਪੈਦਾ ਨਹੀਂ ਹੁੰਦਾ। ਕੋਈ ਰੱਸਾ ਖਿੱਚਣਾ ਏ। ਇਹ ਤਾਂ ਅਸੂਲਾਂ ਤੇ ਵਿਚਾਰਾਂ ਦਾ ਝਗੜਾ ਏ। ਦਲੀਲਾਂ ਨਾਲ ਹੀ ਨਜਿੱਠਿਆ ਜਾ ਸਕਦਾ ਏ। ਸਾਜਿਸ਼ ਦੀ ਇਸ ਵਿੱਚ ਕੀ ਗੱਲ ਏ।

cbsesocialscience.com
CBSE Social Science Sample Papers, History, Geography & Economics
And
cbseprojectwork.com
CBSE Mathematics Projects
cbsemath.com: Website by Dev Anoop Bathinda

math.com
In The Service of Student Community
The No. 1 CBSE Mathematics website in the worl

1. ਨਾਟਕ ਅਤੇ ਨਾਟਕਕਾਰ ਦਾ ਨਾਂ ਲਿਖੋ।
2. ਇਹ ਸ਼ਬਦ ਕਿਸਨੇ ਕਿਸਨੂੰ ਕਹੇ?
3. ਵਾਰਤਾ ਵਿੱਚ ਕਿਸ ਝਗੜੇ ਦੀ ਗੱਲ ਹੋ ਰਹੀ ਹੈ?
4. ਕਿਸਦੇ ਖਿਲਾਫ ਸਾਜਿਸ਼ ਦੀ ਗੱਲ ਕੀਤੀ ਗਈ ਹੈ?
5. ਇਹ ਸ਼ਬਦ ਨਾਟਕ ਦੇ ਕਿਸ ਨਾਟ ਵਿੱਚੋਂ ਲਏ ਗਏ ਹਨ?

XV. ਸ਼ੋਭਾ ਦਾ ਪਾਤਰ ਚਿਤਰਨ ਕਰੋ। (ਜਾਂ) 7

ਸ਼ੋਭਾ ਸ਼ਕਤੀ ਨਾਟਕ ਦਾ ਵਿਸ਼ਾ ਵਸਤੂ ਲਿਖੋ।

XVI. ਗੁਰਮਤਿ ਕਾਵਿ-ਧਾਰਾ ਦੇ ਨਿਕਾਸ ਅਤੇ ਵਿਕਾਸ ਬਾਰੇ ਵਿਸਤਾਰ ਸਹਿਤ ਲਿਖੋ। (ਜਾਂ) 10

ਸੂਫੀ ਕਾਵਿ-ਧਾਰਾ ਦੇ ਨਿਕਾਸ ਅਤੇ ਵਿਕਾਸ ਬਾਰੇ ਲਿਖੋ।

-----------o------------

ਹੋਰ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਲਈ ਸੰਪਰਕ ਕਰੋ

ਰਕੇਸ਼ ਕੁਮਾਰ (ਪੰਜਾਬੀ ਅਧਿਆਪਕ)

ਜਵਾਹਰ ਨਵੋਦਿਆ ਵਿਦਿਆਲਿਆ, ਤਿਉਣਾ ਪੁਜਾਰੀਆਂ (ਬਠਿੰਡਾ)

**Email:** **rakeshjnv2004@gmail.com**

**Also Visit**

cbsemathspapers.com

CBSE Mathematics Sample Papers, Mock Tests, Interactive Tests, Syllabus etc

And

cbsesocialscience.com

**CBSE Social Science Sample Papers, History, Geography & Economics**

**And**

**cbse.biz**

Sample Papers, Mock Tests, Syllabus, Model Papers in Maths, Science, English, Hindi

and

cbseresults2009.com

**Latest on CBSE Results 2011 – X, XII, AIPMT & AIEEE**

And

cbseresults2010.com

**Previous Years CBSE Results – X, XII & AIEEE**

**cbsemath.com: Website by Dev Anoop Bathinda**